# ਵਿਕਾਸ :⇒

ਪੰਜਾਬੀ ਭਾਸ਼ਾ ਦਾ ਜੋ ਵਿਕਸਿਤ ਸਰੂਪ ਸਾਡੇ ਸਾਹਮਣੇ ਹੈ ਸੈਂਕੜੇ ਵਰ੍ਹਿਆਂ ਤੋਂ ਲਗਾਤਾਰ ਪਰ ਹੌਲੀ-2 ਹੋਣ ਵਾਲੇ ਪਰਿਵਰਤਨਾਂ ਦਾ ਹੀ ਸਿੱਟਾ ਹੈ। ਭਾਸ਼ਾ ਸ਼ਾਸਤਰੀਆ ਅਨੁਸਾਰ ਪੰਜਾਬੀ ਭਾਸ਼ਾ ਦਾ ਪਿਛੋਕੜ ਰਿਗਵੈਦਿਕ, ਸੰਸਕ੍ਰਿਤ ਨਾਲ ਜਾ ਜੁੜਦਾ ਹੈ। ਪਰੰਤੂ ਪੰਜਾਬੀ ਭਾਸ਼ਾ ਅਪਣੇ ਅਧੁਨਿਕ ਸਰੂਪ ਵਿੱਚ 11ਵੀਂ, 12ਵੀਂ ਸਦੀ ਤੋਂ ਆਉਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਅਪਭ੍ਰੰਸ਼ ਬੋਲੀਆਂ ਸਾਹਿਤਕ ਰੂਪੀਆਂ ਵਿੱਚ ਬਦਲਕੇ ਸਥਿਰ ਹੋ ਗਈਆ ਤਾ ਪੰਜਾਬੀ ਸਮੇਤ ਹੋਰਨਾਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੀ ਵਿਕਾਸ ਜਾਤਰਾ ਆਰੰਭ ਹੁੰਦੀ ਹੈ।

## ਵਿਕਾਸ ਪੜਾਅ:

ਆਮ ਤੌਰ ਤੇ ਪੰਜਾਬੀ ਭਾਸ਼ਾ ਦਾ ਆਰੰਭ ~~ਇੱਕ ਸੋ~~ 1000 ਈ. ਤੋਂ ਮੰਨਿਆ ਜਾਂਦਾ ਹੈ। ਪਰੰਤੂ ਕੋਈ ਵੀ ਭਾਸ਼ਾ ਇੱਕ ਦਿਨ ਮਾਤਰ ਵਿੱਚ ਹੋਂਦ ਗ੍ਰਹਿਣ ਨਹੀਂ ਕਰਦੀ ਕਿਸੇ ਵੀ ਭਾਸ਼ਾ ਦੇ ਨਵੇਂ ਰੂਪ ਵਿੱਚ ਆਉਣ ਤੱਕ ਸਦੀਆਂ ਲੱਗ ਜਾਂਦੀਆ ਹਨ। 11ਵੀਂ ਸਦੀ ਤੋਂ ਪੰਜਾਬੀ ਦਾ ਆਰੰਭ ਮੰਨ ਕੇ ਪੰਜਾਬੀ ਦੇ ਵਿਕਾਸ ਦੀਆ 4 ਅਵਸਥਾਵਾਂ ਹੇਠ ਲਿਖੇ ਅਨੁਸਾਰ ਹਨ।

**ਪੰਜਾਬੀ ਭਾਸ਼ਾ** (ਵਿਕਾਸ ਪੜਾਅ)

- ਆਰੰਭਿਕ ਅਵਸਥਾ ਜਾਂ ਪਹਿਲਾ ਪੜਾਅ 1000ਈ ਤੋਂ 1500ਈ ਤੱਕ
- ਵਿਕਾਸ ਅਵਸਥਾ ਜਾਂ ਦੂਜਾ ਪੜਾਅ 1500ਈਂ ਤੋਂ 1700ਈ ਤੱਕ
- ਪ੍ਰਪਤਾ ਦੀ ਅਵਸਥਾ ਜਾਂ ਤੀਜਾ ਪੜਾਅ (1700 ਤੋਂ 1850ਈਂ ਤੱਕ)
- ਸਾਹਿਤਕ ਪ੍ਰਵਾਹ ਵਾਲੀ ਅਵਸਥਾ ਜਾਂ ਚੌਥਾ ਪੜਾਅ

1.) ਪਹਿਲਾ ਪੜਾਅ :

(1000 ਈ ਤੋਂ 1500 ਈ ਤੱਕ)

• ਇਸ ਅਵਸਥਾਂ ਵਿੱਚ ਪੰਜਾਬੀ ਭਾਸ਼ਾ ਅਜੇ ਵਿਕਸਿਤ ਮੁਢਲੇ ਰੂਪ ਵਾਲੀ ਸੀ ਭਾਵੇਂ ਕਿ ਇਹ ਰੂਪ ਲਏਂ ਏਕਠ ਪਾਲਣ ਕਰ ਚੁੱਕੀ ਸੀ, ਪਰ ਪੁਰਾਣੇ ਭਾਸ਼ਾਵਾਂ ਦੀਆਂ <u>ਵਿਸ਼ੇਸ਼ਤਾਵਾਂ</u> ਅਜੇ ਵੀ ਕਾਇਮ ਸਨ।

- ਭਾਸ਼ਾ ਅਨੇਕ ਰੂਪ ਲਏਂ ਜਿਆਦਾ ਸੰਜੋਗਾਤਮਿਕ ਸੀ
- ਕਾਰਕੀ ਪਿਛੇਤਰ ਜਿਆਦਾ ਵਰਤੇ ਜਾਂਦੇ ਹਨ ਅਤੇ ਸੰਬੰਧਕ ਦੀ ਵਰਤੋਂ ਕਾਫੀ ਸੀਮਤ ਪੱਧਰ ਤੇ ਸੀ।
- ਸਾਹਿਤਕ ਕਿਰਿਆ ਬਹੁਤ ਘੱਟ ਵਰਤੋਂ ਹੁੰਦੀ ਸੀ। ਇਸ ਅਵਸਥਾ ਵਿੱਚ ਅਪਭ੍ਰੰਸ਼ ਦੀ ਰਚਨਾ ਸੰਦੇਸ਼ ਨਾਥਾਂ ਜੋਗੀਆਂ ਅਤੇ ਬਾਬਾ ਫਰੀਦ ਦੀ ਰਚਨਾ ਨੂੰ ਸ਼ਾਮਿਲ ਕੀਤਾ ਸ

2.) <u>ਦੂਜਾ</u> ਪੜਾਅ : ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਇਤਿਹਾਸ ਵਿੱਚ ਸਰਬਕਾਲ ਨੂੰ 'ਸੁਨਹਿਰੀ ਜੁੱਗ' ਕਿਹਾ ਜਾਂਦਾ ਹੈ। ਇਸ ਦੌਰਾਨ ਭਾਸ਼ਾ ਨਵੀਂ ਦਿਸ਼ਾ ਅਤੇ ਨਵਾਂ ਲਿਬਾਸ ਗ੍ਰਹਿਣ ਕਰਦੀ ਹੈ। ਇਸ ਸਮੇਂ ਨੂੰ ਗੁਰੂ-ਕਾਲ ਦੀ ਕਿਹਾ ਜਾਂਦਾ ਹੈ। ਇਸ ਕਾਲ ਦੀ ਭਾਸ਼ਾ ਦੇ ਨਮੂਨੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਵਿੱਚ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਸਾਹ ਹੁਸੈਨ, ਸੁਲਤਾਨ ਬਾਹੂ ਆਦਿ ਸੂਫੀ ਫਕੀਰ ਦੀਆਂ ਰਚਨਾਵਾਂ ਵਿੱਚ ਮਿਲਦੇ ਹਨ। ਭਾਵ ਕਿ ਇਸ ਸਮੇਂ ਪੰਜਾਬੀ ਸਾਹਿਤ ਦਾ ਬਹੁਪੱਖੀ ਵਿਕਾਸ ਹੋਇਆ। 1604 ਈਂ ਵਿੱਚ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਪੰਜਾਬੀ ਭਾਸ਼ਾ ਸਾਹਿਤ ਦੇ ਉੱਤਰੀ ਭਾਰਤ ਦੀ ਸੰਸਾਰ ਸਾਹਿਤਕ ਦੇ ਸਭਿਆਚਾਰਕ ਭਾਸ਼ਾ ਦੀ ਲੜੀ ਵਿੱਚ ਕਲਾਸੀਕਲ ਭਾਸ਼ਾ ਦਾ ਸੰਸਕਰਣ ਹੈ।

<u>ਵਿਸ਼ੇਸ਼ਤਾਵਾਂ</u> :- ਸੁਰ ਵਿੱਚ /ਔਂ/ ਗੁਰੂ ਕਾਲ ਦੀ ਭਾਸ਼ਾ ਵਿੱ

ਘੱਟ ਹੀ ਮਿਲਦਾ ਹੈ, ਪਰ 'ਐ' ਦੀ ਵਰਤੋਂ ਅੱਜ ਕਲ੍ਹ ਬਹੁਤ ਜ਼ਿਆਦਾ ਹੈ।

→ ਇਥੇ, ਉਥੇ, ਜਿਥੇ, ਕੇਵੇ ਦੀ ਜਗਾਹ ਇਥੈਂ, ਉਥੈਂ, ਕੇਵੈਂ, ਲਾਗੈਂ ਆਦਿ ਉਚਾਰਿਆ ਜਾਂਦਾ ਹੈ। ਨਾਲ 'ਹ' ਦੀ ਜਗਾਹ 'ਵ', ਵਲਾਵਾ ਦੀ ਵਰਤੋਂ ਹੁੰਦੀ ਹੈ।

→ ਇੱਕ ਹੋਰ ਵੱਡਾ ਫ਼ਰਕ ਨਾਸਿਕਤਾ ਸੰਬੰਧੀ ਹੈ। ਗੁਰੂ ਕਾਲ ਦੀ ਪੰਜਾਬੀ ਵਿੱਚ ਨਾਸਿਕਤਾ ਸੰਬੰਧੀ ਹੈ। ਗੁਰੂ ਕਾਲ ਦੀ ਪੰਜਾਬੀ ਵਿੱਚ ਨਾਸਿਕਤਾ ਅੱਜ ਨਾਲੋਂ ਬਹੁਤ ਘੱਟ ਸੀ।

ਅੱਜ ਕਲ੍ਹ → ਤੁਸੀਂ ਅਸੀਂ ਮੈਂ

ਗੁਰੂ ਕਾਲ ਦਾ ਰੂਪ → ਤੁਸੀ ਅਸੀ ਮੈਂ ਆਦਿ।

→ ਲਿੰਗ ਪੜਨਾਂਵੀ ਰੂਪਾਂ ਵਿੱਚ-ਵੀ ਮਿਲਦਾ ਹੈ।

ਪੁਲਿੰਗ → ਸੋ ਏਹੋ

ਇਸਤਰੀ ਲਿੰਗ → ਸਾ ਏਹ

## 3) ਤੀਜਾ ਪੜਾਅ:

ਇਸ ਕਾਲ ਦੀ ਭਾਸ਼ਾ ਦੇ ਉਦਾਹਰਨ ਵਧੇਰੇ ਕਿੱਸਾ-ਕਾਵਿ ਤੋਂ ਮਿਲਦਾ ਹੈ। ਵਾਰਸ ਸ਼ਾਹ, ਮੁਹੰਮਦ ਸ਼ਾਹ ਉੱਘੇ ਕਿਸਾ ਕਵੀ ਹਨ। ਭਾਈ ਮਨੀ ਸਿੰਘ ਦੀ ਵਾਰਤਕ ਵੀ ਇਸ ਕਾਲ ਦੀ ਹੈ। ਵਿਸ਼ੇਸ਼ਤਾਵਾਂ:

- ਇਸ ਕਾਲ ਵਿੱਚ ਭਾਸ਼ਾ ਦਾ ਰੂਪ ਸਪਸ਼ਟ ਹੋ ਗਿਆ।
- ਸੰਜੁਗਤ ਵਿਅੰਜਨ ਬਹੁਤ ਘੱਟ ਹਨ। 'ਙ' ਦੀ ਵਰਤੋਂ ਲਿਖਤੀ ਭਾਸ਼ਾ ਵਿੱਚ ਵਾਧੀ ਮਿਲਦੀ ਹੈ।
- ਲਗਭਗ ਹਰ ਕਿਰਿਆ ਰੂਪ ਨਾਲ ਸਹਾਇਕ ਕਿਰਿਆਵਾਂ ਵਰਤੀਆਂ ਜਾਣ ਲੱਗ ਪਈਆਂ ਹਨ।
- ਨਾਂਵਾਂ ਦੇ ਰੂਪ ਵੀ ਅੱਜ ਵਾਲੇ ਹਨ। ਬਹੁ ਵਚਨ ਬਣਾਉਣ ਦੇ ਨਿਯਮਾਂ ਵੀ ਅਜੋਕੀ ਭਾਸ਼ਾ ਵਾਲੇ ਹੀ ਹਨ।

## 4.) ਚੌਥਾ ਪੜਾਅ:

1850 ਤੋਂ ਬਾਅਦ ਪੰਜਾਬੀ ਭਾਸ਼ਾ ਦੀਆ ਪ੍ਰਸਥਿਤੀਆਂ ਬਹੁਤ ਤੇਜ਼ੀ ਨਾਲ ਬਦਲਦੀਆ ਹਨ। ਕਿਉਂਕਿ ਇਸ ਸਮੇਂ ਦੌਰਾਨ ਪੰਜਾਬ ਦਾ ਸਾਰਾ ਵਾਤਾਵਰਨ ਹੀ ਤਬਦੀਲ ਹੋਣ ਲੱਗ ਪਿਆ ਕਿਉਂਕਿ ਅੰਗਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਹੋ ਗਿਆ ਅਤੇ ਇਹ ਕਬਜ਼ਾ ਤਕਰੀਬਨ 100 ਸਾਲ ਤੱਕ ਰਿਹਾ ਹੈ ਜੋ ਮੁਸਲਮਾਨ ਹਕੂਮਤ ਤੋਂ ਦੇ ਮੁਕਾਬਲੇ ਬਹੁਤ ਔਖਾ ਸਮਾਂ ਹੈ। **ਪ੍ਰਭਾਵ:**

1. ਇਸ ਸਮੇਂ ਦੌਰਾਨ ਪੰਜਾਬੀ ਹੁਣ ਲੋਕ-ਭਾਸ਼ਾ ਹੀ ਨਹੀਂ ਰਹੀ ਬਲਕਿ ਵਿਦਵਾਨਾਂ ਦੀ ਭਾਸ਼ਾ ਬਣ ਗਈ ਹੈ।
2. ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬੀ ਉਚੇਰੀ ਵਿੱਦਿਆ ਦਾ ਮਾਧਿਅਮ ਬਣ ਗਈ ਹੈ ਜਿਸ ਕਾਰਨ ਭਾਸ਼ਾ ਦਾ ਸੰਚਾਰ ਯੋਗਤਾ ਬਹੁਤ ਵੱਧ ਗਈ ਹੈ।
3. ਲੇਖਕਾਂ ਅਤੇ ਪਾਠਕਾਂ ਦੀ ਗਿਣਤੀ ਬਹੁਤ ਵੱਧ ਜਾਣ ਕਾਰਨ ਸਾਹਿਤਕ ਪੰਜਾਬੀ ਦਾ ਮਹੱਤਵ ਦਿਨੋ-ਦਿਨ ਵੱਧਦਾ ਜਾ ਰਿਹਾ ਹੈ
4. ਸਾਹਿਤ ਦਾ ਖੇਤਰ ਵਿਸ਼ਾਲ ਹੋ ਜਾਣ ਕਰਕੇ ਬਹੁਤ ਸਾਰੀ ਨਵੀਂ ਸ਼ਬਦਾਵਲੀ ਸਿਰਜੀ ਗਈ ਅਤੇ ਦੂਜੀਆ ਭਾਸ਼ਾਵਾਂ ਦੇ ਸ਼ਬਦਾਂ ਨੂੰ ਵੀ ਤਤਸਮ ਰੂਪ ਵਿੱਚ ਵਰਤਿਆ ਜਾਣ ਲੱਗ ਪਿਆ।

## ਸਿੱਟਾ:

ਅੰਤ ਵਿੱਚ ਅਸੀ ਇਹ ਕਹਿ ਸਕਦੇ ਹਾਂ ਕਿ ਅਜੋਕੀ ਪੰਜਾਬੀ ਭਾਸ਼ਾ ਇੱਕ ਗਲੋਬਲ ਚਰਿਤਰ ਅਖਤਿਆਰ ਕਰਦੀ ਜਾ ਰਹੀ ਹੈ। ਪਿਛਲੇ ਵਰ੍ਹਿਆ ਦੌਰਾਨ ਅਨੇਕ ਪੰਜਾਬੀ ਵਿਦੇਸ਼ਾਂ ਦੇ ਵਿਕਸਤ ਦੇਸ਼ਾਂ ਵਿੱਚ ਜਾਂ ਵੱਸੇ ਹਨ। ਜਿਸ ਕਾਰਨ ਜਿੱਥੇ ਪੰਜਾਬੀ ਭਾਸ਼ਾ ਵਿੱਚ ਅਨੇਕ ਨਵੇਂ ਸ਼ਬਦ ਆ ਗਏ ਹਨ, ਉੱਥੇ ਅੰਗਰੇਜ਼ੀ ਅਤੇ ਹੋਰ ਭਾਸ਼ਾ ਵਿੱਚ ਪੰਜਾਬੀ ਦੇ ਸ਼ਬਦ ਸ਼ਾਮਿਲ ਹੋ ਰਹੇ ਹਨ।